

# ABC

## ਦੇ ਘਰ ਵਿਚ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ


MISSISSAUGA
Leading today for tomorrow

**ਜਦੋਂ ਸਹੀ ਤਰ੍ਹਾਂ ਇਸਤੇਮਾਲ ਕੀਤਾ ਜਾਏ ਤਾਂ ਅੱਗ ਬੁਝਾਉਣ ਵਾਲਾ ਇਕ ਐਕਸਟਿੰਗੁਇਸ਼ਰ (ਅੱਗ ਬੁਝਾਉਣ ਵਾਲਾ ਯੰਤਰ), ਅੱਗ ਅਤੇ ਹੰਗਾਮੀ ਹਾਲਤ ਲਈ ਸੇਵਾਵਾਂ ਦੇ ਪਹੁੰਚਣ ਤੀਕ, ਮਾਮੂਲੀ ਅੱਗ ਨੂੰ ਬੁਝਾ ਕੇ ਜਾਂ ਉਸਤੇ ਕਾਬੂ ਪਾਕੇ, ਕਈ ਜਾਨਾਂ ਅਤੇ ਸੰਪੱਤੀ ਨੂੰ ਬਚਾ ਸਕਦਾ ਹੈ।**

## ਅੱਗ ਨੂੰ ਸਿਰਫ ਉਦੋਂ ਹੀ ਬੁਝਾਉਣ ਦੀ ਕੋਸ਼ਿਸ਼ ਕਰੋ ਜਦੋਂ ਹੇਠਾਂ ਲਿਖਿਆ ਸਭ ਕੁਝ ਠੀਕ ਤਰ੍ਹਾਂ ਹੋ ਰਿਹਾ ਹੋਵੇ:

- ਘਰ ਵਿਚੋਂ ਹਰ ਵਿਅਕਤੀ ਜਾ ਚੁਕਾ ਹੈ, ਜਾਂ ਜਾ ਰਿਹਾ ਹੈ ਅਤੇ ਕੋਈ ਅੱਗ ਦੇ ਡਿਪਾਰਟਮੈਂਟ ਨੂੰ 911 ਡਾਇਲ ਕਰਕੇ ਕਾੱਲ ਕਰ ਰਿਹਾ ਹੋਵੇ।
- ਅੱਗ ਛੋਟੀ ਜਿਹੀ ਹੋਵੇ, ਜੋ ਫੈਲ ਨਹੀਂ ਰਹੀ ਅਤੇ ਉਸਦੇ ਧੂੰਏਂ ਅਤੇ ਗਰਮੀ ਤੋਂ ਕੋਈ ਖਤਰਾ ਪੈਦਾ ਨਹੀਂ ਹੋ ਰਿਹਾ।
- ਤੁਹਾਡਾ ਐਕਸਟਿੰਗੁਇਸ਼ਰ (ਅੱਗ ਬੁਝਾਉਣ ਵਾਲਾ ਯੰਤਰ) ਉਸ ਕਿਸਮ ਦੀ ਅੱਗ ਲਈ ਹੈ, ਜਿਸਨੂੰ ਬੁਝਾਉਣ ਦੀ ਤੁਸੀਂ ਕੋਸ਼ਿਸ਼ ਕਰ ਰਹੇ ਹੋ।
- ਤੁਹਾਡੇ ਵਿਚ ਅੱਗ ਦਾ ਸਾਮ੍ਹਣਾ ਕਰਨ ਦਾ ਵਿਸ਼ਵਾਸ ਹੈ ਅਤੇ ਤੁਸੀਂ ਐਕਸਟਿੰਗੁਇਸ਼ਰ ਨੂੰ ਇਸਤੇਮਾਲ ਕਰਨਾ ਜਾਣਦੇ ਹੋ।

**ਯਾਦ ਰੱਖੋ: ਅੱਗ ਵਿਚ ਫਸੋ ਨਹੀਂ। ਇਕ ਬੇਰੋਕ ਰਸਤੇ ਵੱਲ ਹਮੇਸ਼ਾ ਆਪਣੀ ਪਿੱਠ ਰੱਖੋ।**




ਨੋਟ: ਅੱਗ ਬੁਝਾਉਣ ਲਈ ਐਕਸਟਿੰਗੁਇਸ਼ਰ (ਅੱਗ ਬੁਝਾਉਣ

## ਆਪਣੇ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਨੂੰ ਚਲਾਉਣ ਲਈ **"ਪਾਸ" ("PASS")** ਸ਼ਬਦ ਯਾਦ ਰੱਖੋ

# ਪੀ (P) –

**ਲਾਕਿੰਗ ਪਿਨ (ਤਾਲੇ ਵਿਚ ਲਗੇ ਪਿਨ) ਨੂੰ ਖਿਚੋ,**
ਜੇ ਲੀਵਰ ਨੂੰ ਖੋਲ੍ਹਣ ਲਈ ਸੀਲ ਨੂੰ ਤੋੜਨਾ ਜ਼ਰੂਰੀ ਹੋਵੇ ਤਾਂ ਇਸਨੂੰ ਮੋੜ ਦਿਉ।




# ਏ (A) –

**ਹੇਠਾਂ ਨਿਸ਼ਾਨਾ ਲਾਉ।**
ਐਕਸਟਿੰਗੁਇਸ਼ਰ ਦੇ ਨੋਜ਼ਲ (ਪਾਈਪ ਦਾ ਪਤਲਾ ਮੂੰਹ) ਜਾਂ ਹਅਉਜ਼ (ਰਬੜ ਦੀ ਪਾਈਪ) ਨੂੰ ਜਿਥੇ ਅੱਗ ਸ਼ੁਰੂ ਹੋਈ ਹੈ, ਨੂੰ ਉਸ ਪਾਸੇ ਕਰੋ। (ਆਪ ਸੁਰੱਖਿਅਤ ਫਾਸਲੇ ਤੇ ਰਹੋ।)




# ਐਸ (S) –

**ਨਿਚੋੜੋ**
ਅੱਗ ਬੁਝਾਉਣ ਵਾਲੇ ਏਜੰਟ (ਪਦਾਰਥ) ਨੂੰ ਜਾਰੀ ਕਰਨ ਵਾਲੇ ਦਸਤੇ ਦੇ ਉਪਰੋਂ ਲੀਵਰ ਨੂੰ ਸਾਰੇ ਪਾਸਿਓਂ ਨਪੀੜ ਦਿਉ।




# ਐਸ (S) –

**ਘੁਮਾਉ**
ਜਿਥੋਂ ਅੱਗ ਸ਼ੁਰੂ ਹੋਈ ਹੈ, ਉਸਦੇ ਉਪਰ ਹਰ ਪਾਸਿਓਂ ਨੋਜ਼ਲ ਜਾਂ ਹਅਉਜ਼ ਨੂੰ ਫੈਲਾਅ ਕੇ ਘੁਮਾਉ। ਜੇ ਅੱਗ ਮੁੜ ਕੇ ਬਲ ਪਏ ਤਾਂ ਮੁੜ ਕੇ ਇਹੀ ਕਾਰਵਾਈ ਕਰੋ।




**ਅੱਗ ਵੱਲ ਆਪਣੀ ਪਿੱਠ ਕਦੀ ਨਾ ਕਰੋ – ਭਾਵੇਂ ਤੁਸੀਂ ਸੋਚੋ ਕਿ ਉਹ ਬੁਝ ਗਈ ਹੈ; ਇਹ ਮੁੜ ਸ਼ੁਰੂ ਹੋ ਸਕਦੀ ਹੈ।**

ਣ ਵਾਲਾ ਯੰਤਰ) ਇਸਤੇਮਾਲ ਕਰਨ ਦੇ ਬਾਅਦ, ਰਿਪੋਰਟ ਕਰਨ ਲਈ ਫੋ

## ਤੁਹਾਨੂੰ ਆਪਣੇ ਘਰ ਵਿਚ ਤਿੰਨ ਤਰ੍ਹਾਂ ਦੀਆਂ ਅੱਗਾਂ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ।

(ਯਕੀਨੀ ਬਣਾਉ, ਕਿ ਤੁਹਾਡਾ ਐਕਸਟਿੰਗੁਇਸ਼ਰ ਉਸ ਤਰ੍ਹਾਂ ਦੀ ਅੱਗ ਬੁਝਾਉਣ ਵਾਲਾ ਹੀ ਹੋਵੇ, ਜੋ ਲਗੀ ਹੋਈ ਹੈ।)

**ਸ਼ਰੇਣੀ ਏ (Class A): ਆਮ ਬਲਣਯੋਗ ਵਸਤੂਆਂ ਨਾਲ** ਲੱਕੜੀ, ਕਪੜੇ, ਕਾਗਜ਼ ਅਤੇ ਪਲਾਸਟਿਕ ਆਦਿ ਨਾਲ ਲਗਣ ਵਾਲੀ ਅੱਗ।

**ਸ਼ਰੇਣੀ ਬੀ (Class B): ਭਾਂਬੜ ਅਤੇ ਲਪਟਾਂ ਮਚਾਉਣ ਵਾਲੇ ਤਰਲ ਅਤੇ ਗੈਸਾਂ** ਅੱਗਾਂ ਜਿਨ੍ਹਾਂ ਵਿਚ ਗੈਸੋਲੀਨ, ਖਾਣਾ ਪਕਾਉਣ ਵਾਲਾ ਤੇਲ (ਕੁਕਿੰਗ ਆਇਲ), ਪ੍ਰੋਪੇਨ ਆਦਿ ਸ਼ਾਮਲ ਹੁੰਦਾ ਹੈ।

**ਸ਼ਰੇਣੀ ਸੀ (Class C): ਬਿਜਲੀ ਨਾਲ ਸ਼ੁਰੂ ਹੋਈਆਂ ਅੱਗਾਂ,** ਜਿਨ੍ਹਾਂ ਵਿਚ ਬਿਜਲੀ ਦੀ ਸ਼ਕਤੀ ਮੌਜੂਦ ਹੁੰਦੀ ਹੈ, ਜਿਵੇਂ ਬਿਜਲੀ ਦੇ ਔਜ਼ਾਰ, ਤਾਰਾਂ, ਫਿਊਜ਼ ਬਕਸੇ, ਟੈਲੀਵਿਯਨ (TVs), ਕੰਪਿਊਟਰ, ਆਦਿ।

**ਜਿਸ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਤੇ ਏ.ਬੀ.ਸੀ. (ABC) ਦਾ ਲੇਬਲ ਲਗਾ ਹੁੰਦਾ ਹੈ, ਉਹ ਬਹੁ-ਉਦੇਸ਼ੀ ਐਕਸਟਿੰਗੁਇਸ਼ਰ ਹੈ ਅਤੇ ਅੱਗ ਦੀਆਂ ਤਿੰਨ ਸ਼ਰੇਣੀਆਂ ਜਾਂ ਕਿਸਮਾਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ।**




**ਨ ਅੱਗ ਅਤੇ ਹੰਗਾਮੀ ਹਾਲਤ ਲਈ ਸੇਵਾਵਾਂ ਨੂੰ ਕਾੱਲ ਕਰੋ।**

**ਹਿਦਾਇਤਾਂ ਦਾ ਲੇਬਲ ਪੜ੍ਹੋ: ਐਮਰਜੈਂਸੀ ਇਹ ਜਾਣਨ ਦਾ ਸਮਾਂ ਨਹੀਂ ਕਿ ਐਕਸਟਿੰਗੁਇਸ਼ਰ ਕਿਸ ਤਰ੍ਹਾਂ ਕੰਮ ਕਰਦਾ ਹੈ।**

## ਐਕਸਟਿੰਗੁਇਸ਼ਰ ਦਾ ਸਾਈਜ਼ (ਆਕਾਰ)

ਪੋਰਟੇਬਲ (ਚੁੱਕਵਾਂ) ਐਕਸਟਿੰਗੁਇਸ਼ਰ ਦੀ ਰੇਟਿੰਗ ਉਸ ਅੱਗ ਦੇ ਅਨੁਸਾਰ ਹੁੰਦੀ ਹੈ, ਜਿਸਨੂੰ ਉਹ ਬੁਝਾ ਸਕਦੇ ਹਨ। ਰੇਟਿੰਗ (ਮੁੱਲਾਂਕਣ) ਐਕਸਟਿੰਗੁਇਸ਼ਰ ਦੇ ਲੇਬਲ ਤੇ ਲਗੀ ਹੋਏਗੀ – **ਉਦਾਹਰਣ ਲਈ 2A:10B:C.**

ਗਿਣਤੀ ਵਜੋਂ ਰੇਟਿੰਗ ਜਿੰਨੀ ਵੱਡੀ ਹੋਏਂਗੇ, ਐਕਸਟਿੰਗੁਇਸ਼ਰ ਉੱਨੀ ਵੱਡੀ ਅੱਗ ਬੁਝਾ ਸਕਦਾ ਹੈ। ਐਕਸਟਿੰਗੁਇਸ਼ਰ ਤੇ ULC (Underwriters Laboratories of Canada) ਦੇ ਲੇਬਲ ਲਈ ਵੇਖੋ। ਅਸੀਂ ਘਰ ਲਈ ਇਕ ਬਹੁ-ਉਦੇਸ਼ੀ (ਏ.ਬੀ.ਸੀ.) [multipurpose (ABC)] ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਜਿਸਦੀ ਰੇਟਿੰਗ 2-A 10-B,C ਜਾਂ 3-A 40-B,C ਹੋਵੇ ਦੀ ਸਿਫਾਰਸ਼ ਕਰਦੇ ਹਾਂ।

## ਪਾਬੰਦੀਆਂ

ਇਹ ਗੱਲ ਜਾਣਨੀ ਬਹੁਤ ਅਹਿਮ ਹੈ, ਕਿ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਵੱਡੀਆਂ ਅਤੇ ਫੈਲਣ ਵਾਲੀਆਂ ਅੱਗਾਂ ਬੁਝਾਉਣ ਲਈ ਨਹੀਂ ਹਨ। ਅੱਗ ਬੁਝਾਉਣ ਵਾਲਾ ਇਹ ਐਕਸਟਿੰਗੁਇਸ਼ਰ ਛੇ ਤੋਂ ਦਸ ਸਕਿੰਟਾਂ ਦੇ ਥੋੜੇ ਜਿਹੇ ਸਮੇਂ ਵਿਚ ਹੀ ਪੂਰੀ ਤਰ੍ਹਾਂ ਡਿਸਚਾਰਜ (ਬਿਜਲੀ ਦਾ ਵਿਸਰਜਨ ਹੋਣਾ) ਹੋ ਜਾਂਦਾ ਹੈ।

## ਲੋਕੇਸ਼ਨ (ਸਥਾਨ)

ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਨੂੰ ਅਜਿਹੇ ਸਥਾਨ ਤੇ ਰੱਖਣਾ ਚਾਹੀਦਾ ਹੈ, ਜਿਥੇ ਉਹ ਆਸਾਨੀ ਨਾਲ ਦਿੱਸ ਸਕਣ ਤੇ ਉਨ੍ਹਾਂ ਤਕ ਆਸਾਨੀ ਨਾਲ ਪਹੁੰਚ ਹੋ ਸਕੇ – ਇਨ੍ਹਾਂ ਨੂੰ ਇਕ ਬਾਹਰ ਜਾਣ ਦੇ ਰਸਤੇ ਦੇ ਨੇੜੇ ਰੱਖਣ ਨੂੰ ਅਤੇ ਅੱਗ ਦੇ ਕਿਸੇ ਸੰਭਾਵੀ ਸਰੋਤ ਦੇ ਦਸ ਫੁੱਟ ਅੰਦਰ ਨਾ ਰੱਖਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਨ੍ਹਾਂ ਨੂੰ ਅਲਮਾਰੀਆਂ ਅੰਦਰ ਅਤੇ ਸਿੰਕਾਂ ਦੇ ਹੇਠਾਂ ਸੰਭਾਲ ਕੇ ਨਾ ਰੱਖੋ।

## ਮੈਨਟੇਨੈਂਸ (ਸਾਂਭ ਸੰਭਾਲ)

ਮਹੀਨੇ ਵਿਚ ਇਕ ਵਾਰ ਆਪਣੇ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਦੀ ਜਾਂਚ ਕਰੋ, ਕਿ ਉਸਨੂੰ ਕੋਈ ਨੁਕਸਾਨ ਤੇ ਨਹੀਂ ਹੋ ਗਿਆ, ਅਤੇ ਯਕੀਨੀ ਬਣਾਉ ਕਿ ਇਹ ਪੂਰੀ ਤਰ੍ਹਾਂ ਚਾਰਜ ਹੈ। (ਵੇਰਵਿਆਂ ਲਈ ਉਤਪਾਦਨ ਦੀਆਂ ਹਿਦਾਇਤਾਂ ਵੇਖੋ।) ਹਰ ਇਸਤੇਮਾਲ ਬਾਅਦ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ ਦੀ ਭਾਵੇਂ ਉਹ ਪੂਰੀ ਤਰ੍ਹਾਂ ਡਿਸਚਾਰਜ ਨਾ ਵੀ ਹੋਏ ਹੋਣ, ਇਕ ਯੋਗਤਾ ਪ੍ਰਾਪਤ ਕੰਪਨੀ ਕੋਲੋਂ ਸਰਵਿਸਿੰਗ (ਸਫਾਈ) ਕਰਵਾਉਣੀ ਚਾਹੀਦੀ ਹੈ। [ਯੈਲੋ ਪੇਜਿਸ (yellow pages) ਵਿਚ ਅੱਗ ਬੁਝਾਉਣ ਵਾਲੇ ਐਕਸਟਿੰਗੁਇਸ਼ਰ (Fire Extinguishers) ਬਾਰੇ ਵੇਖੋ।]



ਹੋਰ ਵੱਧ ਜਾਣਕਾਰੀ ਲਈ, ਕਿਰਪਾ ਕਰਕੇ ਕਾੱਲ ਕਰੋ

**ਮਿਸੀਸੌਂਗਾ**
**ਫਾਇਰ ਐਂਡ ਐਮਰਜੈਂਸੀ ਸਰਵਿਸਿਜ਼**
**(Mississauga Fire & Emergency Services)**
**ਜਨਤਾ ਲਈ ਸਿੱਖਿਆ**
**905-896-5908**

ਜਾਂ ਸਾਡੀ ਵੈੱਬਸਾਈਟ ਤੇ ਸਾਡੇ ਬਾਰੇ ਵੇਖੋ

**http://www.mississauga.ca/fire**

MISSISSAUGA
Fire and Emergency Services
Leading today for tomorrow

231/2007